ਪੜ੍ਹਾਈ ਸਿੱਖਿਆ ਦੇ ਉਦੇਸ਼

ਪੜ੍ਹਾਈ ਸਿੱਖਿਆ ਦੇ ਹੇਠ ਲਿਖੇ ਉਦੇਸ਼ ਮੰਨੇ ਜਾਂਦੇ ਹਨ—

1. ਬੱਚਿਆਂ ਅੰਦਰ ਅੱਖਰਾਂ ਦੀ ਪਛਾਣ ਕਰਨ ਦੀ ਯੋਗਤਾ ਪੈਦਾ ਕਰਨੀ।
2. ਬੱਚਿਆਂ ਅੰਦਰ ਪੜ੍ਹ ਕੇ ਸਮਝ ਸਕਣ ਦੀ ਯੋਗਤਾ ਪੈਦਾ ਕਰਨੀ।
3. ਬੱਚਿਆਂ ਦੀ ਜਾਣਕਾਰੀ ਵਿੱਚ ਵਾਧਾ ਕਰਨਾ।
4. ਬੱਚਿਆਂ ਅੰਦਰ ਲਿਖਤ ਰਚਨਾ ਨੂੰ ਪੜ੍ਹ ਕੇ ਪ੍ਰਸੰਨਤਾ ਪ੍ਰਾਪਤ ਕਰਨ ਦੀ ਯੋਗਤਾ ਪੈਦਾ ਕਰਨੀ।
5. ਬੱਚਿਆਂ ਅੰਦਰ ਚਿੱਠੀ ਪੱਤਰ ਪੜ੍ਹਨ ਦੀ ਯੋਗਤਾ ਪੈਦਾ ਕਰਨੀ।
6. ਬੱਚਿਆਂ ਦੇ ਉਚਾਰਨ ਨੂੰ ਠੀਕ ਕਰਨਾ।
7. ਬੱਚਿਆਂ ਅੰਦਰ ਸਾਹਿਤ ਪ੍ਰਤੀ ਪਿਆਰ ਪੈਦਾ ਕਰਨਾ।
8. ਬੱਚਿਆਂ ਨੂੰ ਹਵਾਲਾ ਪੁਸਤਕਾਂ ਦੀ ਵਰਤੋਂ ਕਰਨੀ ਸਿਖਾਉਣੀ।
9. ਬੱਚਿਆਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਕਰਨਾ।
10. ਲਿਖੀ ਗੱਦ ਜਾਂ ਕਾਵਿ ਰਚਨਾ ਨੂੰ ਸ਼ੁੱਧ ਉਚਾਰਨ ਅਤੇ ਉੱਚਿਤ ਉਤਾਰ-ਚੜ੍ਹਾਅ ਨਾਲ ਪੜ੍ਹ ਸਕਣ ਦੀ ਯੋਗਤਾ ਪੈਦਾ ਕਰਨਾ।
11. ਬੱਚਿਆਂ ਨੂੰ ਹਰੇਕ ਸ਼ਬਦ ਉੱਪਰ ਉੱਚਿਤ ਬਲ ਦੇ ਕੇ ਪੜ੍ਹਨਾ ਸਿਖਾਉਣਾ।
12. ਪੜ੍ਹਨ ਨੂੰ ਵਿਸ਼ੇ ਦੇ ਅਨੁਕੂਲ ਹੱਥ, ਅੱਖ, ਸਿਰ ਆਦਿ ਨਾਲ ਪ੍ਰਗਟ ਕਰਨ ਦੇ ਯੋਗ ਬਣਾਉਣਾ।
13. ਬੱਚਿਆਂ ਅੰਦਰ ਕਿਸੇ ਲਿਖਤ ਨੂੰ ਪੜ੍ਹ ਕੇ ਉਸਦੇ ਭਾਵ ਨੂੰ ਦੂਜਿਆਂ ਨੂੰ ਸਮਝਾ ਸਕਣ ਦੀ ਯੋਗਤਾ ਪੈਦਾ ਕਰਨਾ।
14. ਬੱਚਿਆਂ ਅੰਦਰ ਸਮਾਚਾਰ ਪੱਤਰ, ਰਸਾਲੇ ਅਤੇ ਪੁਸਤਕਾਲੇ ਤੋਂ ਪੂਰਾ ਲਾਭ ਉਠਾ ਸਕਣ ਦੀ ਯੋਗਤਾ ਪੈਦਾ ਕਰਨਾ।
15. ਬੱਚਿਆਂ ਅੰਦਰ ਰਚਨਾਤਮਿਕ ਰੁਚੀਆਂ ਦਾ ਵਿਕਾਸ ਕਰਨਾ।
16. ਬੱਚਿਆਂ ਅੰਦਰ ਵਿਸ਼ਰਾਮ ਦਾ ਧਿਆਨ ਰੱਖਦੇ ਹੋਏ, ਉੱਚਿਤ ਗਤੀ ਨਾਲ ਪੜ੍ਹ ਸਕਣ ਦੀ ਯੋਗਤਾ ਪੈਦਾ ਕਰਨਾ।